# ਸੈਪਸਿਸ (SEPSIS) ਦੀਆਂ ਨਿਸ਼ਾਨੀਆਂ ਕੀ ਹੁੰਦੀਆਂ ਹਨ?

SEPSIS SAVVY

ਸੈਪਸਿਸ ਸੈਵੀ (ਜਾਣਕਾਰ) ਬਣੋ
ਨਿਸ਼ਾਨੀਆਂ ਨੂੰ ਪਛਾਣੋ

## ਜਾਨਾਂ ਬਚਾਓ

THE UK SEPSIS TRUST

ਹੁਣੇ ਸਾਈਨ ਅੱਪ ਕਰੋ!
sepsistrust.org/savvy/

## ਬਾਲਗ

ਅਤੇ ਬਾਲਗ ਵਿਅਕਤੀ ਨੂੰ ਸੈਪਸਿਸ ਹੋ ਸਕਦਾ ਹੈ ਜੇ ਉਸ ਵਿੱਚ ਇਹਨਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦਿੰਦੇ ਹਨ:

**ਲੜਖੜਾਉਂਦੇ ਬੋਲ ਜਾਂ ਉਲਝਣ**
**ਬਹੁਤ ਜ਼ਿਆਦਾ ਕੰਬਣੀ ਜਾਂ ਮਾਸਪੇਸ਼ੀਆਂ ਵਿੱਚ ਦਰਦ**
**ਪਿਸ਼ਾਬ ਉੱਕਾ ਹੀ ਨਾ ਆਉਣਾ (ਇੱਕ ਦਿਨ ਵਿੱਚ)**
**ਬੇਹੱਦ ਸਾਹ ਫੁੱਲਣਾ**
**ਇੰਝ ਲੱਗਦਾ ਹੈ ਜਿਵੇਂ ਤੁਸੀਂ ਮਰਨ ਲੱਗੇ ਹੋ**
**ਧੱਬੇਦਾਰ, ਰੰਗਹੀਣ ਚਮੜੀ**

## ਬੱਚੇ

ਹੋ ਸਕਦਾ ਹੈ ਬੱਚੇ ਨੂੰ ਸੈਪਸਿਸ ਹੋਵੇ ਜੇ:

- ਉਹ ਬਹੁਤ ਤੇਜ਼ ਸਾਹ ਲੈ ਰਿਹਾ ਹੈ
- ਉਸਨੂੰ 'ਦੌਰਾ' ਜਾਂ ਝੰਜੋੜਾ ਜਿਹਾ ਪੈਂਦਾ ਹੈ
- ਉਹ ਧੱਬੇਦਾਰ, ਨੀਲਾ, ਜਾਂ ਰੰਗ ਫਿੱਕਾ ਪਿਆ ਦਿੱਸਦਾ ਹੈ
- ਉਸਦੇ ਅਜਿਹਾ ਧੱਫੜ ਹੈ ਜੋ ਤੁਹਾਡੇ ਦਬਾਉਣ 'ਤੇ ਫਿੱਕਾ ਨਹੀਂ ਪੈਂਦਾ
- ਉਹ ਬਹੁਤ ਸੁਸਤ ਹੈ ਜਾਂ ਉਸਨੂੰ ਜਗਾਉਣਾ ਔਖਾ ਹੈ
- ਛੂਹਣ 'ਤੇ ਬੱਚਾ ਅਜੀਬ ਰੂਪ ਵਿੱਚ ਠੰਡਾ ਮਹਿਸੂਸ ਹੁੰਦਾ ਹੈ

ਜੇ ਤੁਹਾਨੂੰ ਕਿਸੇ ਇਨਫ਼ੈਕਸ਼ਨ ਬਾਰੇ ਚਿੰਤਾ ਹੈ ਤਾਂ **111 'ਤੇ ਕਾਲ ਕਰੋ** ਜਾਂ **ਆਪਣੇ GP ਨਾਲ ਸੰਪਰਕ ਕਰੋ** ।
ਜੇ ਕਿਸੇ ਵਿਅਕਤੀ ਨੂੰ ਸੈਪਸਿਸ ਦਾ ਕੋਈ ਲੱਛਣ ਹੈ ਤਾਂ **999 'ਤੇ ਕਾਲ ਕਰੋ** ਜਾਂ **A&E ਵਿਖੇ ਜਾਓ** ।

## ਬਸ ਇਹ ਪੁੱਛੋ "ਕੀ ਇਹ ਸੈਪਸਿਸ ਹੋ ਸਕਦਾ ਹੈ?"

ਦਿ ਯੂਕੇ ਸੈਪਸਿਸ ਟ੍ਰਸਟ ਰਜਿ. ਚੈਰਿਟੀ ਨੰਬਰ (ਇੰਗਲੈਂਡ ਅਤੇ ਵੇਲਜ਼) 1158843 (ਸਕਾਟਲੈਂਡ) SC050277
ਕੰਪਨੀ ਰਜਿ. ਨੰਬਰ 8644039. ਸੈਪਸਿਸ ਐਂਟਰਪ੍ਰਾਈਜ਼ਿਜ਼ ਲਿਮਿ. ਕੰਪਨੀ ਰਜਿ ਨੰਬਰ 9583335. VAT ਰਜਿ. ਨੰਬਰ 293133408

SEPSIS SAVVY

ਸੈਪਸਿਸ ਸੈਵੀ (ਜਾਣਕਾਰ) ਬਣੋ
ਨਿਸ਼ਾਨੀਆਂ ਨੂੰ ਪਛਾਣੋ

ਜਾਨਾਂ ਬਚਾਓ

THE UK SEPSIS TRUST

ਹੁਣੇ ਸਾਈਨ ਅੱਪ ਕਰੋ!
sepsistrust.org/savvy/

# ਸੈਪਸਿਸ ਬਾਰੇ ਜਾਣੋ ਅਤੇ ਜੀਵਨਰੱਖਿਅਕ ਬਣੋ!

ਹੋ ਸਕਦਾ ਹੈ ਤੁਸੀਂ ਸੈਪਸਿਸ ਬਾਰੇ ਸੁਣਿਆ ਹੋਵੇ ਅਤੇ ਸੋਚਿਆ ਹੋਵੇ ਕਿ ਤੁਸੀਂ ਆਪਣੀ ਅਤੇ ਆਪਣੇ ਅਜ਼ੀਜ਼ਾਂ ਦੀ ਸੁਰੱਖਿਆ ਲਈ ਕੀ ਕਰ ਸਕਦੇ ਹੋ।

ਇਹ ਕਾਰਡ ਤੁਹਾਨੂੰ ਦੱਸਦਾ ਹੈ ਕਿ ਸੈਪਸਿਸ ਕੀ ਹੈ, ਕਿਹੜੀਆਂ ਨਿਸ਼ਾਨੀਆਂ ਦੇਖਣੀਆਂ ਹਨ, ਅਤੇ ਜੇ ਤੁਹਾਨੂੰ ਸ਼ੱਕ ਹੋਵੇ ਕਿ ਕਿਸੇ ਨੂੰ ਇਹ ਸਮੱਸਿਆ ਹੋ ਸਕਦੀ ਹੈ ਤਾਂ ਕੀ ਕਰਨਾ ਹੈ।

ਸੈਪਸਿਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕੱਠਿਆਂ ਕੰਮ ਕਰਕੇ, ਸਾਡੇ ਕੋਲ ਹਰ ਸਾਲ ਹਜ਼ਾਰਾਂ ਜਾਨਾਂ ਬਚਾਉਣ ਦੀ ਤਾਕਤ ਹੈ।

## ਸੈਪਸਿਸ ਬਾਰੇ ਅਹਿਮ ਤੱਥ

- **ਸੈਪਸਿਸ** ਉਦੋਂ ਹੁੰਦਾ ਹੈ ਜਦੋਂ ਹੁੰਦਾ ਹੈ ਸਾਡਾ ਇਮਿਊਨ ਸਿਸਟਮ ਇਨਫੈਕਸ਼ਨਾਂ ਪ੍ਰਤੀ ਲੋੜੋਂ ਵੱਧ ਪ੍ਰਤਿਕਿਰਿਆ ਕਰਦਾ ਹੈ।
- ਇਹ ਇੱਕ ਐਮਰਜੈਂਸੀ ਸਥਿਤੀ ਹੈ ਜੋ UK ਵਿੱਚ ਹਰ ਸਾਲ 245,000 ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਨਾਲ 48,000 ਜਾਨਾਂ ਚਲੀਆਂ ਜਾਂਦੀਆਂ ਹਨ।
- ਅਸੀਂ ਲੋਕਾਂ ਨੂੰ ਸੈਪਸਿਸ ਹੋਣ ਤੋਂ ਰੋਕ ਨਹੀਂ ਸਕਦੇ ਹਾਂ, ਪਰ ਜੇ ਇਹ ਛੇਤੀ ਪਕੜ ਵਿੱਚ ਆ ਜਾਏ ਤਾਂ ਇਸਦਾ ਇਲਾਜ ਸੰਭਵ ਹੈ।
- ਇਸ ਕਰਕੇ, ਸੈਪਸਿਸ ਦੀਆਂ ਨਿਸ਼ਾਨੀਆਂ ਬਾਰੇ ਜਾਣਨਾ ਅਤੇ ਇੱਕ ਦੂਜੇ ਲਈ ਚੌਕਸ ਰਹਿਣਾ ਵਾਕਈ ਜ਼ਰੂਰੀ ਹੈ।
- ਜੇ ਤੁਹਾਨੂੰ ਕਿਸੇ ਬਾਰੇ ਚਿੰਤਾ ਹੈ, ਤਾਂ ਕਿਸੇ ਸਿਹਤ ਪੇਸ਼ੇਵਰ ਨੂੰ ਬਸ ਇਹ ਪੁੱਛੋ; "ਕੀ ਇਹ ਸੈਪਸਿਸ ਹੋ ਸਕਦਾ ਹੈ?" ਇਹ ਇੱਕ ਸਧਾਰਨ ਜਿਹਾ ਸਵਾਲ ਹੈ, ਪਰ ਇਹ ਜੀਵਨ ਬਚਾ ਸਕਦਾ ਹੈ।

## ਜੇ ਮੈਨੂੰ ਸੈਪਸਿਸ ਦਾ ਸ਼ੱਕ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਫ਼ੌਰਨ ਡਾਕਟਰੀ ਸਹਾਇਤਾ ਲਓ। ਜੇ ਕੋਈ ਵਿਅਕਤੀ ਸਪਸ਼ਟ ਤੌਰ 'ਤੇ ਬਿਮਾਰ ਹੈ ਅਤੇ ਉਸਨੂੰ ਇਹਨਾਂ ਲੱਛਣਾਂ ਵਿੱਚੋਂ ਕੋਈ ਹੈ ਤਾਂ 999 'ਤੇ ਕਾਲ ਕਰੋ ਜਾਂ A&E ਵਿਖੇ ਜਾਓ। ਅਤੇ ਯਾਦ ਨਾਲ:
ਬਸ ਇਹ ਪੁੱਛੋ: 'ਕੀ ਇਹ ਸੈਪਸਿਸ ਹੋ ਸਕਦਾ ਹੈ?'
- ਜੇ ਤੁਹਾਨੂੰ ਕਿਸੇ ਇਨਫ਼ੈਕਸ਼ਨ ਬਾਰੇ ਚਿੰਤਾ ਹੈ ਪਰ ਸੈਪਸਿਸ ਦਾ ਸ਼ੱਕ ਨਹੀਂ ਹੈ ਤਾਂ 111 ਨੂੰ ਕਾਲ ਕਰੋ ਜਾਂ ਆਪਣੇ GP ਨਾਲ ਸੰਪਰਕ ਕਰੋ।

## ਸੈਪਸਿਸ ਸੈਵੀ ਲਈ ਸਾਈਨ ਅੱਪ ਕਰੋ!

ਸੈਪਸਿਸ ਬਾਰੇ ਜਾਣਨਾ ਵਾਕਈ ਜਾਨਾਂ ਬਚਾਉਂਦਾ ਹੈ। ਇਸੇ ਕਰਕੇ ਅਸੀਂ ਜਾਗਰੂਕਤਾ ਪੈਦਾ ਕਰਨ ਲਈ ਦੇਸ਼ ਭਰ ਦੇ ਸੰਗਠਨਾਂ ਅਤੇ ਕਮਿਉਨਿਟੀਆਂ ਨਾਲ ਕੰਮ ਕਰ ਰਹੇ ਹਾਂ।

**sepsistrust.org/savvy.**

## ਦਿ ਯੂਕੇ ਸੈਪਸਿਸ ਟ੍ਰਸਟ

UKST ਇੱਕ ਚੈਰਿਟੀ ਹੈ ਜੋ 2012 ਵਿੱਚ, ਹਰ ਸਾਲ ਸੈਪਸਿਸ ਤੋਂ ਹੋਣ ਵਾਲੀਆਂ ਹਜ਼ਾਰਾਂ ਰੋਕੇ ਜਾਣ ਯੋਗ ਮੌਤਾਂ ਨੂੰ ਰੋਕਣ ਦੇ ਮਿਸ਼ਨ ਨਾਲ ਸਥਾਪਤ ਕੀਤੀ ਗਈ ਸੀ। ਅਸੀਂ ਇਸ ਭਿਆਨਕ ਸਥਿਤੀ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਮੁਫ਼ਤ, ਪੇਸ਼ੇਵਰ ਸਹਾਇਤਾ ਵੀ ਮੁਹੱਈਆ ਕਰਾਉਂਦੇ ਹਾਂ।

ਹੋਰ ਜਾਣਕਾਰੀ ਇੱਥੋਂ ਲਵੋ sepsistrust.org.

ਸੋਸ਼ਲ ਮੀਡੀਆ 'ਤੇ ਸਾਨੂੰ ਫ਼ਾਲੋ ਕਰੋ। 'UK Sepsis Trust' ਜਾਂ #SepsisSavvy ਲੱਭੋ।

## ਅੱਜ ਹੀ ਦਾਨ ਕਰੋ

ਸਾਡੇ ਜੀਵਨ-ਰੱਖਿਅਕ ਕੰਮ ਵਿੱਚ ਸਹਿਯੋਗ ਦੇਣ ਲਈ, sepsistrust.org/make-a-donation 'ਤੇ ਜਾਓ ਜਾਂ 0800 389 6255 'ਤੇ ਕਾਲ ਕਰੋ। ਤੁਹਾਡਾ ਧੰਨਵਾਦ!

## ਆਈਸਲੈਂਡ ਫ਼ੂਡਜ਼ ਚੈਰਿਟੇਬਲ ਫਾਊਂਡੇਸ਼ਨ (IFCF)

ਸਾਨੂੰ ਬੇਹੱਦ ਮਾਣ ਹੈ ਕਿ Sepsis Savvy (ਸੈਪਸਿਸ ਸੈਵੀ) 'ਤੇ IFCF ਸਾਡੀ ਮੋਹਰੀ ਭਾਈਵਾਲ ਹੈ। ਹੋਰ ਜਾਣਕਾਰੀ ਲੈਣ ਲਈ, ifcf.org.uk 'ਤੇ ਜਾਓ।